PUBLIC GUARDIAN AND TRUSTEE OF BRITISH COLUMBIA

# ਪ੍ਰਾਈਵੇਟ ਕਮੇਟੀ ਸੇਵਾਵਾਂ

# ਆਮ ਉਠਾਏ ਜਾਂਦੇ ਮਸਲੇ

### *ਅਕਾਊਂਟਾਂ ਦਾ ਪਾਸ ਹੋਣਾ*

- ਭਾਵੇਂ ਤੁਸੀਂ ਪੂਰੀ ਅਕਾਊਂਟਿੰਗ ਕਰ ਰਹੇ ਹੋਵੋ (ਕਿਤਾਬਚੇ ਏ ਅਤੇ ਬੀ) ਜਾਂ ਅੰਸ਼ਿਕ ਅਕਾਊਂਟਿੰਗ ਕਰ ਰਹੇ ਹੋਵੋ (ਕਿਤਾਬਚਾ ਏ) ਅਕਾਊਂਟ ਪਾਸ ਕਰਨ ਲਈ ਇਕ ਐਫੀਡੈਟਿਵ ਜਾਂ ਕਾਨੂੰਨੀ ਡੈਕਲਾਰੇਸ਼ਨ ਦਰਜ ਕਰਵਾਉਣਾ ਜ਼ਰੂਰੀ ਹੈ, ਜਿਸ ਉੱਪਰ ਬ੍ਰਿਟਿਸ਼ ਕੋਲੰਬੀਆ ਵਿਚਲੇ ਐਫੀਡੇਟਿਵ ਲੈਣ ਵਾਲੇ ਕਿਸੇ ਕਮਿਸ਼ਨਰ ਦੇ ਦਸਖਤ ਹੋਣੇ ਅਤੇ ਉਸ ਵਲੋਂ ਨੋਟਰਾਈਜ਼ਡ ਕੀਤਾ ਹੋਣਾ ਜ਼ਰੂਰੀ ਹੈ। ਇਹ ਅਕਾਊਂਟ ਦੇ ਪੈਕੇਜ ਨਾਲ ਸਾਡੇ ਦਫਤਰ ਵਿਚ ਦਰਜ ਕਰਵਾਇਆ ਜਾਣਾ ਚਾਹੀਦਾ ਹੈ।

- ਹਰ ਇਕ ਲਈ ਸਮਰੀ ਕਿਤਾਬਚੇ ਏ (ਫਾਰਮ ਨੰਬਰ 1) ਵਿਚਲੀ ਨਿਸ਼ਾਨ ਲਾਉਣ ਵਾਲੀ ਲਿਸਟ ਮੁਕੰਮਲ ਕਰਨਾ ਜ਼ਰੂਰੀ ਹੈ। ਇਹ ਤੁਹਾਡੇ ਲਈ ਇਹ ਪੱਕਾ ਕਰਨਾ ਸੌਖਾ ਬਣਾਉਂਦਾ ਹੈ ਕਿ ਤੁਹਾਡੇ ਅਕਾਊਂਟਾਂ ਵਿਚ ਸਾਰੇ ਲੋੜੀਂਦੇ ਪੇਪਰ ਹਨ ਅਤੇ ਇਸ ਨਾਲ ਅਸੀਂ ਜ਼ਿਆਦਾ ਤੇਜ਼ੀ ਨਾਲ ਤੁਹਾਡੇ ਵਲੋਂ ਦਰਜ ਕਰਵਾਏ ਗਏ ਅਕਾਊਂਟਾਂ ਨੂੰ ਰਿਵੀਊ ਅਤੇ ਪ੍ਰੋਸੈੱਸ ਕਰ ਸਕਦੇ ਹਾਂ।

### *ਕਿਸੇ ਪ੍ਰੋਫੈਸ਼ਨਲ ਅਕਾਊਂਟੈਂਟ ਦੀ ਵਰਤੋਂ ਕਰਨਾ*

- ਰਿਕਾਰਡ ਰੱਖਣੇ ਕਮੇਟੀਆਂ ਲਈ ਬਹੁਤ ਸਾਰੀਆਂ ਮਹੱਤਵਪੂਰਨ ਜ਼ਿੰਮੇਵਾਰੀਆਂ ਵਿੱਚੋਂ ਸਿਰਫ ਇਕ ਹੈ। ਜੇ ਅਜਿਹਾ ਕਰਨ ਵਿਚ ਤੁਹਾਨੂੰ ਮੁਸ਼ਕਲਾਂ ਆ ਰਹੀਆਂ ਹੋਣ ਜਾਂ ਇਸਟੇਟ ਦੀ ਅਕਾਊਂਟਿੰਗ ਬਹੁਤ ਗੁੰਝਲਦਾਰ ਹੈ ਤਾਂ ਤੁਸੀਂ ਕਿਸੇ ਪ੍ਰੋਫੈਸ਼ਨਲ ਅਕਾਊਂਟੈਂਟ ਦੀਆਂ ਸੇਵਾਵਾਂ ਲੈਣਾ ਚਾਹੁੰਦੇ ਹੋ ਸਕਦੇ ਹੋ। ਇਨ੍ਹਾਂ ਸੇਵਾਵਾਂ ਦੇ ਵਾਜਬ ਖਰਚੇ ਕਲਾਇੰਟ ਦੀ ਇਸਟੇਟ ਵਿੱਚੋਂ ਦਿੱਤੇ ਜਾ ਸਕਦੇ ਹਨ।

### *ਸਾਂਝੇ ਬੈਂਕ ਅਕਾਊਂਟ*

- ਉਸ ਵਿਅਕਤੀ ਨਾਲ ਸਾਂਝਾ ਬੈਂਕ ਅਕਾਊਂਟ ਖੋਲ੍ਹਣਾ ਪ੍ਰਵਾਨ ਨਹੀਂ ਹੈ ਜਿਸ ਲਈ ਤੁਸੀਂ ਕਮੇਟੀ ਹੋ। ਸਾਂਝੇ ਅਕਾਊਂਟਾਂ ਵਿਚ ਆਮ ਤੌਰ 'ਤੇ ਸਰਵਾਈਵਰਸ਼ਿਪ ਦਾ ਹੱਕ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਜੇ ਉਸ ਵਿਅਕਤੀ ਦੀ ਮੌਤ ਹੋ ਜਾਂਦੀ ਹੈ, ਜਿਸ ਲਈ ਤੁਸੀਂ ਕਮੇਟੀ ਹੋ ਤਾਂ ਸਾਰਾ ਅਕਾਊਂਟ ਤੁਹਾਨੂੰ ਤਬਦੀਲ ਹੋ ਜਾਵੇਗਾ। ਕਮੇਟੀ ਵਜੋਂ, ਤੁਹਾਡੇ ਲਈ ਆਪਣੇ ਆਪ ਨੂੰ ਉਸ ਹਾਲਤ ਵਿਚ ਨਾ ਪਾਉਣਾ ਜ਼ਰੂਰੀ ਹੈ ਜਿਸ ਵਿਚ ਤੁਹਾਨੂੰ ਇਸਟੇਟ ਦਾ ਪ੍ਰਬੰਧ ਚਲਾਉਣ ਤੋਂ ਫਾਇਦਾ ਹੋਵੇ। ਇਸ ਦੇ ਇਕ ਬਦਲ ਵਜੋਂ, ਬੈਂਕ ਅਕਾਊਂਟ ਨੂੰ ਉਸ ਵਿਅਕਤੀ ਲਈ "ਇਨ ਟਰੱਸਟ ਫਾਰ" ਜਾਂ "ਕਮੇਟੀ ਫਾਰ" ਵਜੋਂ ਰਜਿਸਟਰ ਕਰਵਾਉਣਾ ਹੈ ਜਿਸ ਲਈ ਤੁਸੀਂ ਕਮੇਟੀ ਹੋ।

### *ਟਰੱਸਟ ਵਿਚ ਹਿੱਤ ਨੂੰ ਜ਼ਾਹਰ ਕਰਨਾ*

- ਜਿਸ ਬਾਲਗ ਲਈ ਤੁਸੀਂ ਕਮੇਟੀ ਹੋ, ਜੇ ਉਹ ਬਾਲਗ ਕਿਸੇ ਟਰੱਸਟ ਤੋਂ ਲਾਭ-ਪਾਤਰ (ਬੈਨੇਫਿਸ਼ਰੀ) ਹੈ ਤਾਂ ਉਸ ਟਰੱਸਟ ਵਿਚ ਬਾਲਗ ਦੇ ਹਿੱਤਾਂ ਨਾਲ ਸੰਬੰਧਿਤ ਵਿੱਤੀ ਸਟੇਟਮੈਂਟਾਂ ਲੈਣ ਅਤੇ ਆਪਣੇ ਕਮੇਟੀ ਅਕਾਊਂਟਾਂ ਨਾਲ ਦਰਜ ਕਰਵਾਉਣ ਦੀ ਜ਼ਿੰਮੇਵਾਰੀ ਤੁਹਾਡੀ ਹੈ ਜਦੋਂ ਇਹ ਕਰਨਯੋਗ ਹੁੰਦਾ ਹੈ।

### *ਪੈਨਸ਼ਨਾਂ ਅਤੇ ਹੋਰ ਬੈਨੇਫਿਟਸ ਲਈ ਅਪਲਾਈ ਕਰਨਾ*

- ਜਿਸ ਬਾਲਗ ਲਈ ਤੁਸੀਂ ਕਮੇਟੀ ਹੋ, ਜੇ ਉਹ ਬਾਲਗ ਕਿਸੇ ਪੈਨਸ਼ਨ ਜਾਂ ਹੋਰ ਬੈਨੇਫਿਟਸ (ਲਾਭਾਂ) ਲਈ ਹੱਕਦਾਰ ਬਣਦਾ ਹੈ ਤਾਂ ਤੁਹਾਨੂੰ ਉਸ ਦੀ ਤਰਫੋਂ ਆਮਦਨ ਦੇ ਇਨ੍ਹਾਂ ਸ੍ਰੋਤਾਂ ਲਈ ਅਪਲਾਈ ਕਰਨ ਦੀ ਲੋੜ ਹੋ ਸਕਦੀ ਹੈ।

### *ਪੀ ਜੀ ਟੀ ਨੂੰ ਫੀਸਾਂ ਦੀ ਅਦਾਇਗੀ ਕਰਨਾ*

- ਅਕਾਊਂਟ ਰਿਵੀਊਜ਼ ਲਈ ਫੀਸਾਂ ਦੇਣ ਵੇਲੇ ਕਿਰਪਾ ਕਰਕੇ ਇਹ ਪੱਕਾ ਕਰੋ ਕਿ ਚੈੱਕਾਂ "ਪਬਲਿਕ ਗਾਰਡੀਅਨ ਐਂਡ ਟਰੱਸਟੀ" ਦੇ ਨਾਂ 'ਤੇ ਲਿਖੀਆਂ ਗਈਆਂ ਹਨ।

*ਪ੍ਰਾਈਵੇਟ ਕਮੇਟੀਆਂ ਦੇ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਬਾਰੇ ਜ਼ਿਆਦਾ ਜਾਣਕਾਰੀ ਪ੍ਰਾਈਵੇਟ ਕਮੇਟੀ ਹੈਂਡਬੁੱਕ ਵਿਚ ਦਿੱਤੀ ਗਈ ਹੈ, ਜੋ ਕਿ* *www.trustee.bc.ca/reports-and-publications/Pages/default.aspx* *'ਤੇ ਔਨਲਾਈਨ ਉਪਲਬਧ ਹੈ।*